## ਟੀਕਾਕਰਣ ਦੀ ਮਿਤੀ ਨੂੰ ਸੰਭਾਲੋ

ਇਹ ਸੁਨਿਸ਼ਚਿਤ ਕਰਨਾ ਜਰੂਰੀ ਹੈ ਕਿ ਟੀਕੇ ਸਮੇਂ ਸਿਰ ਦਿੱਤੇ ਜਾਣ ਤਾਂ ਜੋ ਬੱਚਿਆਂ ਦੀ ਜਲਦੀ ਸੁਰੱਖਿਆ ਕੀਤੀ ਜਾ ਸਕੇ ਅਤੇ ਉਹਨਾਂ ਵਿਚ ਗੰਭੀਰ ਰੋਕਥਾਮਯੋਗ ਬਿਮਾਰੀਆਂ ਦੇ ਫੈਲਣ ਦਾ ਖ਼ਤਰਾ ਨਾ ਹੋਵੇ।

ਤੁਹਾਡੇ ਬੱਚੇ ਦਾ ਅਗਲਾ ਟੀਕਾਕਰਣ ਕਦੋਂ ਹੈ ਇਸਦਾ ਪਤਾ ਲਗਾਉਣ ਲਈ health.nsw.gov.au/vaccinate 'ਤੇ ਨਿਊ ਸਾਊਥ ਵੇਲਜ਼ ਟੀਕਾਕਰਨ ਸਮਾਂ-ਸੂਚੀ ਵੇਖੋ।




## ਮੇਰਾ ਨਿਜੀ ਸੇਹਤ ਰੀਕਾਰਡ (ਨੀਲੀ ਕਿਤਾਬ ਜਾਂ Blue Book)

ਇਹ ਜਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਦੀ ਨੀਲੀ ਕਿਤਾਬ ਜਾਂ blue book ਤੁਹਾਡੇ ਬੱਚੇ ਦੇ ਟੀਕੇ ਜੀ.ਪੀ/ਨਰਸ ਦੁਆਰਾ ਦਰਜ ਕਰਨ ਲਈ ਹਰੇਕ ਨਿਯੁਕਤੀ ਸਮੇਂ ਲੈ ਕੇ ਆਉ।




## ਹੋਰ ਜਾਣਕਾਰੀ

### ਨਿਊ ਸਾਊਥ ਵੇਲਜ਼ ਹੈਲਥ

health.nsw.gov.au/immunisation

### ਅਸਟਰੇਲੀਅਨ ਸਰਕਾਰ ਦਾ ਸਿਹਤ ਵਿਭਾਗ

health.gov.au/health-topics/immunisation

### MumBubVax

mumbubvax.org.au/Hepatitis-B-vaccine

### ਨਿਊ ਸਾਊਥ ਵੈਲਜ਼ ਹੈਪੇਟਾਈਟਸ ਬੀ ਫੈਕਟਸ਼ੀਟ

health.nsw.gov.au/Infectious/factsheets/Pages/Hepatitis_B.aspx

### ਆਸਟਰੇਲੀਅਨ ਇਮੂਨਾਈਜੇਸ਼ਨ ਰਜਿਸਟਰ

servicesaustralia.gov.au/individuals/services/medicare/australian-immunisation-register

ਸਤੰਬਰ 2021 © NSW Health. SHPN (HP NSW) 210887-18.

NSW Health

# ਹੈਪੇਟਾਈਟਸ ਬੀ ਟੀਕਾਕਰਣ

## ਤੁਹਾਡੇ ਨਵਜਨਮੇਂ ਬੱਚੇ ਲਈ

NSW GOVERNMENT



# ਹੈਪੇਟਾਈਟਸ ਬੀ

ਹੈਪੇਟਾਈਟਸ ਬੀ ਦੇ ਵਿਸ਼ਾਣੂ ਲੰਮੇ ਸਮੇਂ ਵਾਲੇ ਜਿਗਰ ਰੋਗ ਦਾ ਕਾਰਨ ਬਣ ਸਕਦੇ ਹਨ ਜਿਵੇਂ ਕਿ ਜਿਗਰ ਦਾ ਸਿਰੋਸਿਸ ਅਤੇ ਕੈਂਸਰ। ਜਿਹੜੇ ਬੱਚੇ ਹੈਪੇਟਾਈਟਸ ਬੀ ਨਾਲ ਸੰਕਰਮਿਤ ਹੋ ਜਾਂਦੇ ਹਨ ਉਨ੍ਹਾਂ ਵਿੱਚ ਉਮਰ ਭਰ ਲਈ ਭਿਆਨਕ ਲਾਗ ਦੇ ਵਿਕਾਸ ਦੀ 90% ਸੰਭਾਵਨਾ ਹੁੰਦੀ ਹੈ।

ਹੈਪੇਟਾਈਟਸ ਬੀ ਬਹੁਤ ਛੂਤਕਾਰੀ ਹੁੰਦਾ ਹੈ ਅਤੇ ਇਹਨਾਂ ਚੀਜ਼ਾਂ ਦੁਆਰਾ ਅਸਾਨੀ ਨਾਲ ਫੈਲ ਸਕਦਾ ਹੈ:

- ਇੱਕ ਸੰਕਰਮਿਤ ਮਾਂ ਵੱਲੋਂ ਇਸਨੂੰ ਜਨਮ ਦੇ ਸਮੇਂ ਆਪਣੇ ਬੱਚੇ ਨੂੰ ਦੇਣਾ
- ਸੂਈਆਂ ਅਤੇ ਉਸਤਰਿਆਂ ਵਰਗੀਆਂ ਗੰਦਿਆਂ ਵਸਤੂਆਂ ਨਾਲ ਚਮੜੀ ਦੇ ਜਖਮ
- ਸੰਕਰਮਿਤ ਵਿਅਕਤੀ ਦੇ ਖੂਨ ਅਤੇ ਖੁੱਲੇ ਜ਼ਖਮ ਦੇ ਨਾਲ ਸਿੱਧਾ ਸੰਪਰਕ ਜਿਵੇਂ ਕਿ ਝਰੀਟ ਅਤੇ ਕੱਟ
- ਸੰਕਰਮਿਤ ਵਿਅਕਤੀ ਨਾਲ ਸੰਭੋਗ

# ਗਰਭਾਵਸਥਾ ਦੌਰਾਨ ਜਾਂਚ ਕਰਨੀ

ਗਰਭ ਅਵਸਥਾ ਦੀ ਨਿਯਮਤ ਜਾਂਚ ਦੇ ਦੌਰਾਨ ਸਾਰੀਆਂ ਔਰਤਾਂ ਦੀ ਹੈਪੇਟਾਈਟਸ ਬੀ ਦੀ ਲਾਗ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜੇ ਟੈਸਟ ਲਾਗ ਦਰਸਾਉਂਦਾ ਹੈ ਤਾਂ ਬੱਚੇ ਨੂੰ ਲਾਗ ਅਤੇ ਲੰਬੀ ਜਿਗਰ ਦੀ ਬਿਮਾਰੀ ਦੇ ਜੋਖਮ ਨੂੰ ਰੋਕਣ ਲਈ ਇਲਾਜ ਦੀ ਜ਼ਰੂਰਤ ਹੋਏਗੀ। ਮਾਂ ਦੇ ਇਲਾਜ ਦੀ ਵੀ ਸਿਫਾਰਸ਼ ਕੀਤੀ ਜਾ ਸਕਦੀ ਹੈ।

# ਰੋਕਥਾਮ

ਹੈਪੇਟਾਈਟਸ ਬੀ ਦੇ ਟੀਕੇ ਦੀ ਵਰਤੋਂ 1980 ਦੇ ਦਹਾਕੇ ਦੇ ਸ਼ੁਰੂ ਤੋਂ ਹੀ ਆਸਟ੍ਰੇਲੀਆ ਵਿਚ ਕੀਤੀ ਗਈ ਹੈ ਅਤੇ ਟੀਕਾਕਰਣ ਬਿਮਾਰੀ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।

# ਨਵਜੰਮੇ ਬੱਚਿਆਂ ਲਈ ਹੈਪੇਟਾਈਟਸ ਬੀ ਦਾ ਟੀਕਾ

ਸਾਰੇ ਨਵਜਨਮੇ ਬੱਚਿਆਂ ਨੂੰ ਜਨਮ ਸਮੇਂ ਹੈਪੇਟਾਈਟਸ ਬੀ ਦਾ ਟੀਕਾ ਲਗਾਇਆ ਜਾਂਦਾ ਹੈ ਤਾਂ ਜੋ:

- ਸੰਕਰਮਿਤ ਮਾਂ ਤੋਂ ਉਸਦੇ ਬੱਚੇ ਵਿੱਚ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ। ਕਈ ਵਾਰ ਮਾਂ ਨੂੰ ਪਤਾ ਨਹੀਂ ਹੁੰਦਾ ਕਿ ਉਸਨੂੰ ਬਿਮਾਰੀ ਹੈ; ਅਤੇ
- ਜਿੰਦਗੀ ਦੇ ਪਹਿਲੇ ਮਹੀਨਿਆਂ ਵਿੱਚ ਛੂਹ ਗ੍ਰਸਤ ਲੋਕ ਜੋ ਉਸੇ ਘਰ ਵਿੱਚ ਰਹਿੰਦੇ ਹਨ ਜਾਂ ਦੂਸਰੇ ਜਿਹੜੇ ਛੂਹ ਗ੍ਰਸਤ ਹੋ ਸਕਦੇ ਹਨ ਤੋਂ ਰੋਗ ਦੇ ਫੈਲਾਅ ਨੂੰ ਰੋਕਣ ਲਈ

# ਹੈਪੇਟਾਈਟਸ ਬੀ ਟੀਕਾਕਰਣ ਅਨੁਸੂਚੀ

ਇਹ ਸਿਫ਼ਾਰਿਸ ਕੀਤੀ ਜਾਂਦੀ ਹੈ ਕਿ ਤੁਹਾਡੇ ਬੱਚੇ ਨੂੰ ਜਨਮ ਦੇ ਸਮੇਂ ਜਾਂ ਜੀਵਨ ਦੇ ਪਹਿਲੇ 7 ਦਿਨਾਂ ਦੇ ਅੰਦਰ ਹੈਪੇਟਾਈਟਸ ਬੀ ਟੀਕੇ ਦੀ ਇੱਕ ਖੁਰਾਕ ਦਿੱਤੀ ਜਾਵੇ, ਇਸਦੇ ਬਾਅਦ 6 ਹਫਤਿਆਂ, 4 ਮਹੀਨਿਆਂ ਅਤੇ 6 ਮਹੀਨਿਆਂ ਦੀ ਉਮਰ ਵਿੱਚ ਹੈਪੇਟਾਈਟਸ ਬੀ ਟੀਕੇ ਦੀ ਤਿੰਨ ਹੋਰ ਖੁਰਾਕਾਂ ਦਿੱਤੀਆਂ ਜਾਣ।

# ਹੈਪੇਟਾਈਟਸ ਬੀ ਟੀਕਾਕਰਣ ਸੁਰੱਖਿਆ

ਵਿਆਪਕ ਅਨੁਭਵ ਦਰਸਾਉਂਦਾ ਹੈ ਕਿ ਹੈਪੇਟਾਈਟਸ ਬੀ ਟੀਕਾਕਰਣ ਨਵਜੰਮੇ ਬੱਚਿਆਂ ਲਈ ਸੁਰੱਖਿਅਤ ਹੈ ਅਤੇ ਉਹ ਇਸਨੂੰ ਚੰਗੀ ਤਰ੍ਹਾਂ ਜਰ ਲੈਂਦੇ ਹਨ। ਟੀਕੇ ਦੇ ਸਭ ਤੋਂ ਆਮ ਮਾੜੇ ਪ੍ਰਭਾਵ ਬਹੁਤ ਹਲਕੇ ਹੁੰਦੇ ਹਨ ਅਤੇ ਇਸ ਵਿਚ ਟੀਕੇ ਵਾਲੀ ਥਾਂ ਤੇ ਲਾਲੀ ਅਤੇ ਸੋਜ ਸ਼ਾਮਲ ਹੁੰਦੇ ਹਨ। ਹੈਪੇਟਾਈਟਸ ਬੀ ਦੇ ਟੀਕੇ ਛਾਤੀ ਦਾ ਦੁੱਧ ਚੁੰਘਾਉਣ ਵਿੱਚ ਕੋਈ ਰੁਕਾਵਟ ਨਹੀਂ ਪਾਉਂਦੇ।

# ਹੈਪੇਟਾਈਟਸ ਬੀ ਗ੍ਰਸਤ ਮਾਵਾਂ ਵਲੋਂ ਜਨਮੇਂ ਬੱਚਿਆਂ ਦਾ ਇਲਾਜ

ਜਨਮ ਦੇ ਸਮੇਂ ਹੈਪੇਟਾਈਟਸ ਬੀ ਦੇ ਟੀਕੇ ਦੀ ਇੱਕ ਖੁਰਾਕ ਦਿੱਤੇ ਜਾਣ ਦੇ ਨਾਲ ਨਾਲ , ਬੱਚਾ ਜੋ ਹੈਪੇਟਾਈਟਸ ਬੀ ਦੀ ਲਾਗ ਵਾਲੀ ਮਾਂ ਦੀ ਕੁਖੋਂ ਜਨਮ ਲੈਂਦਾ ਹੈ, ਉਸ ਨੂੰ ਵਾਧੂ ਸੁਰੱਖਿਆ ਦੇਣ ਲਈ ਜਨਮ ਦੇ 12 ਘੰਟਿਆਂ ਦੇ ਅੰਦਰ 'ਹੈਪੇਟਾਈਟਸ ਬੀ ਇਮਯੂਨੋਗਲੋਬੂਲਿਨ' ਨਾਂ ਦੀ ਦਵਾਈ ਦੀ ਪੇਸ਼ਕਸ਼ ਵੀ ਕੀਤੀ ਜਾਏਗੀ। ਲੰਬੀ ਮਿਆਦ ਦੀ ਸੁਰੱਖਿਆ ਲਈ ਹੈਪੇਟਾਈਟਸ ਬੀ ਟੀਕੇ ਦਾ ਕੋਰਸ ਪੂਰਾ ਕਰਨਾ ਜ਼ਰੂਰੀ ਹੈ।

# ਹੈਪੇਟਾਈਟਸ ਬੀ ਤੋਂ ਗ੍ਰਸਤ ਮਾਵਾਂ ਤੋਂ ਜਨਮੇਂ ਬੱਚਿਆਂ ਦੀ ਹੋਰ ਜਾਂਚ

ਹੈਪੇਟਾਈਟਸ ਬੀ ਤੋਂ ਗ੍ਰਸਤ ਮਾਂ ਦੇ ਘਰ ਜਨਮ ਲੈਣ ਵਾਲੇ ਬੱਚੇ ਨੂੰ ਹੈਪੇਟਾਈਟਸ ਬੀ ਟੀਕਾਕਰਣ ਕੋਰਸ ਪੂਰਾ ਕਰਨ ਦੇ 3 ਮਹੀਨਿਆਂ ਬਾਅਦ ਖੂਨ ਦੀ ਜਾਂਚ ਕਰਾਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਸੁਰੱਖਿਅਤ ਹਨ ਜਾਂ ਨਹੀਂ। ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਨਿਊ ਸਾਊਥ ਵੇਲਜ਼ ਹੈਲਥ ਵੱਲੋਂ ਯਾਦ ਕਰਾਨ ਲਈ ਇੱਕ ਚਿੱਠੀ ਭੇਜੀ ਜਾਵੇਗੀ।

